# ਹਾਕੀ ਦਾ ਜਾਦੂਗਰ : ਧਿਆਨ ਚੰਦ (ਲੇਖਕ-ਪ੍ਰੋ. ਸੁਰਜੀਤ ਸਿੰਘ ਮਾਨ)



## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਧਿਆਨ ਚੰਦ ਕੌਣ ਸੀ? ਉਸ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ?**
ਉੱਤਰ : ਧਿਆਨ ਚੰਦ ਭਾਰਤ ਦਾ ਵਿਸ਼ਵ-ਪੱਧਰੀ ਹਾਕੀ ਖਿਡਾਰੀ ਸੀ। ਉਸ ਦਾ ਜਨਮ ਦਿਨ 29 ਅਗਸਤ ਸਮੁੱਚੇ ਦੇਸ਼ ਵਿਚ 'ਖੇਡ ਦਿਵਸ' ਵਜੋਂ ਮਨਾਇਆ ਜਾਂਦਾ ਹੈ ।

**ਪ੍ਰਸ਼ਨ ਅ. ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ? ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ?**
ਉੱਤਰ : ਧਿਆਨ ਚੰਦ ਦਾ ਬੁੱਤ ਵੀਆਨਾ ਵਿਚ ਲੱਗਾ ਹੋਇਆ ਹੈ। ਇਸ ਬੁੱਤ ਦੇ ਹੱਥ ਦੋ ਨਹੀਂ, ਸਗੋਂ ਚਾਰ ਹਨ ਤੇ ਚੌਹਾਂ ਵਿਚ ਹੀ ਹਾਕੀ ਸਟਿੱਕਾਂ ਹਨ।

**ਪ੍ਰਸ਼ਨ ੲ. ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਕਿਵੇਂ ਪੈਦਾ ਹੋਇਆ?**
ਉੱਤਰ : ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਫ਼ੌਜ ਵਿਚ ਭਰਤੀ ਹੋਣ ਮਗਰੋਂ ਪੈਦਾ ਹੋਇਆ। ਭਾਰਤੀ ਫ਼ੌਜ ਵਲੋਂ ਕਰਵਾਏ ਟੂਰਨਾਮੈਂਟਾਂ ਵਿਚ ਖੇਡਦਾ-ਖੇਡਦਾ ਉਹ ਵਿਸ਼ਵ ਪੱਧਰ 'ਤੇ ਪਹੁੰਚ ਗਿਆ।

**ਪ੍ਰਸ਼ਨ ਸ. ਧਿਆਨ ਚੰਦ ਦੀ ਖੇਡ ਨਾਲ਼ ਕਿਹੜੀਆਂ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ?**
ਉੱਤਰ : ਇਕ ਵਾਰ ਕ੍ਰਿਕੇਟ ਦੇ ਮਹਾਨ ਖਿਡਾਰੀ ਨੇ ਹੈਰਾਨ ਹੁੰਦਿਆਂ ਧਿਆਨ ਚੰਦ ਨੂੰ ਪੁੱਛਿਆ ਕਿ ਉਹ ਸਟਿੱਕ ਨਾਲ ਐਨੇ ਗੋਲ ਕਿਵੇਂ ਕਰ ਲੈਂਦਾ ਹੈ? ਇਕ ਵਾਰੀ ਇਕ ਦਰਸ਼ਕ ਨੇ ਉਸ ਕੋਲ ਚੁੰਬਕੀ ਸਟਿੱਕ ਹੋਣ ਦੀ ਗੱਲ ਕਹੀ। ਕਹਿੰਦੇ ਹਨ ਕਿ ਧਿਆਨ ਚੰਦ ਨੇ ਸੈਰ ਕਰਨ ਵਾਲੀ ਛੜੀ ਨਾਲ਼ ਵੀ ਗੋਲ ਕਰ ਦਿੱਤੇ ।

**ਪ੍ਰਸ਼ਨ ਹ. ਧਿਆਨ ਚੰਦ ਕਿਸ ਪੁਜ਼ੀਸ਼ਨ ਉੱਤੇ ਖੇਡਦਾ ਸੀ ਤੇ ਉਸ ਦੀ ਹਾਕੀ ਖੇਡਣ ਦੀ ਤਕਨੀਕ ਕਿਹੋ ਜਿਹੀ ਸੀ?**
ਉੱਤਰ : ਧਿਆਨ ਚੰਦ ਸੈਂਟਰ ਫਾਰਵਰਡ ਦੀ ਪੁਜ਼ੀਸ਼ਨ ਉੱਤੇ ਖੇਡਦਾ ਸੀ ਪਰਤੂੰ ਉਸ ਦੀ ਖੇਡ ਤੇਜ਼ ਤਰਾਰ ਨਹੀਂ ਸੀ ਸਗੋਂ ਉਸ ਦੀ ਖੇਡ ਵਿਚ ਧੀਮਾਪਣ ਤੇ ਜੋਸ਼ ਨਾਲੋਂ ਹੋਸ਼ ਵਧੇਰੇ ਸੀ।




**ਪ੍ਰਸ਼ਨ ਕ. ਹਾਕੀ ਦੇ ਮੁੱਖ ਕੋਚ ਵਜੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਧਿਆਨ ਚੰਦ ਨੇ ਕਿਵੇਂ ਨਿਭਾਇਆ?**
ਉੱਤਰ : ਧਿਆਨ ਚੰਦ ਗਰਾਊਂਡ ਦੇ ਬਾਹਰ ਬੈਠ ਕੇ ਖਿਡਾਰੀਆਂ ਨੂੰ ਸਮਝਾਉਂਦਾ, ਤਾੜਦਾ, ਝਾੜਦਾ ਅਤੇ ਵਰਜਦਾ। ਖਿਡਾਰੀ ਉਸ ਨੂੰ ਸਤਿਕਾਰ ਨਾਲ 'ਦਾਦਾ' ਆਖਦੇ, ਜਿਸ ਦਾ ਬੰਗਲਾ ਵਿਚ ਅਰਥ ਹੈ-ਵੱਡਾ ਭਰਾ।

**ਪ੍ਰਸ਼ਨ ਖ. ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ?**
ਉੱਤਰ : 1956 ਵਿਚ ਧਿਆਨ ਚੰਦ ਨੂੰ ਭਾਰਤ ਸਰਕਾਰ ਵਲੋਂ 'ਪਦਮ ਭੂਸ਼ਣ' ਦਾ ਖ਼ਿਤਾਬ ਪ੍ਰਾਪਤ ਹੋਇਆ। 1979 ਵਿਚ ਉਸ ਦੀ ਯਾਦ ਵਿਚ ਇਕ ਡਾਕ ਟਿਕਟ ਜਾਰੀ ਕੀਤਾ ਗਿਆ। ਦਿੱਲੀ ਵਿਚ ਉਸ ਦੇ ਨਾਂ ਤੇ' ਇਕ ਵਿਸ਼ਵ-ਪ੍ਰਸਿੱਧ ਸਟੇਡੀਅਮ ਬਣਿਆ ਹੈ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਆਦਮ-ਕੱਦ | : | ਆਦਮੀ ਦੇ ਪੂਰੇ ਕੱਦ ਦਾ |
| ਭਾਵਨਾਵਾਂ | : | ਵਿਚਾਰ, ਖ਼ਿਆਲ |
| ਮੁਜ਼ਾਹਰਾ | : | ਵਿਖਾਵਾ, ਪ੍ਰਦਰਸ਼ਨ |
| ਚਰਚੇ | : | ਜ਼ਿਕਰ, ਹਰ ਪਾਸੇ ਗੱਲਾਂ ਹੋਣੀਆਂ |
| ਅਹੁਦਾ | : | ਪਦਵੀ |
| ਹਲੀਮੀ | : | ਨਿਮਰਤਾ |
| ਤਰਜੀਹ | : | ਪਹਿਲ |
| ਤਕਰੀਬਨ | : | ਲਗ-ਪਗ, ਨੇੜੇ-ਤੇੜੇ |
| ਛੜੀ | : | ਸੋਟੀ |
| ਸ਼ਿਰਕਤ ਕਰਨਾ | : | ਸ਼ਾਮਲ ਹੋਣਾ |
| ਅਕਸਰ | : | ਆਮ ਤੌਰ ਤੇ, ਬਹੁਤ ਵਾਰ |
| ਰਫ਼ਤਾਰ | : | ਚਾਲ, ਗਤੀ |
| ਧੀਮਾਪਣ | : | ਹੌਲ਼ੀ-ਹੌਲ਼ੀ, ਮੱਠੀ ਚਾਲ |
| ਝਕਾਨੀ | : | ਝਾਂਸਾ, ਚਕਮਾ, ਧੋਖਾ |





**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

| | | |
|---|---|---|
| ਹਿੰਦੁਸਤਾਨੀ | : | ਸੌਖੀ ਹਿੰਦੀ ਤੇ ਉਰਦੂ ਭਾਸ਼ਾ |
| ਪੁਰਸਕਾਰ | : | ਇਨਾਮ |
| ਖ਼ਿਤਾਬ | : | ਉਪਾਧੀ, ਪਦਵੀ |
| ਸਿਮਰਤੀ | : | ਯਾਦ |

## 3. ਵਾਕਾਂ ਵਿਚ ਵਰਤੋਂ :

1. **ਸ਼ਰਧਾਂਜਲੀ (ਸ਼ਰਧਾ ਵਿਚ ਕੁੱਝ ਕਰਨਾ)–** ਮਹਾਨ ਸ਼ਹੀਦਾਂ ਨੂੰ ਸ਼ਰਧਾਜਲੀ ਦੇ ਕੇ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।
2. **ਜ਼ਿਕਰ (ਬਿਆਨ)–** ਸ੍ਵੈਜੀਵਨੀ ਵਿਚ ਲੇਖਕ ਆਪਣੀ ਜ਼ਿੰਦਗੀ ਦਾ ਜ਼ਿਕਰ ਕਰਦਾ ਹੈ।
3. **ਯੋਗਦਾਨ (ਦੇਣ)–** ਭਾਰਤੀ ਹਾਕੀ ਵਿਚ ਧਿਆਨ ਚੰਦ ਦਾ ਮਹਾਨ ਯੋਗਦਾਨ ਹੈ।
4. **ਪੇਸ਼ਕਸ਼ (ਪੇਸ਼ ਕਰਨਾ)–** ਇਕ ਦਾਨੀ ਸੱਜਣ ਨੇ ਸਾਡੀ ਸਕੂਲ ਲਾਇਬ੍ਰੇਰੀ ਲਈ 500 ਪੁਸਤਕਾਂ ਦੇਣ ਦੀ ਪੇਸ਼ਕਸ਼ ਕੀਤੀ।
5. **ਅਦਬ (ਸਤਿਕਾਰ)–** ਸਾਨੂੰ ਆਪਣੇ ਤੋਂ ਵੱਡਿਆਂ ਨਾਲ ਅਦਬ ਨਾਲ ਪੇਸ਼ ਆਉਣਾ ਚਾਹੀਦਾ ਹੈ।
6. **ਸੰਨਿਆਸ ਲੈ ਲੈਣਾ (ਤਿਆਗ ਦੇਣਾ)–** ਤਿੰਨ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਮਗਰੋਂ ਧਿਆਨ ਚੰਦ ਨੇ ਹਾਕੀ ਤੋਂ ਸੰਨਿਆਸ ਲੈ ਲਿਆ।
7. **ਦੰਦ-ਕਥਾਵਾਂ (ਲੋਕਾਂ ਵਿਚ ਪ੍ਰਚਲਿਤ ਕਹਾਣੀਆਂ)–** ਧਿਆਨ ਸਿੰਘ ਦੀ ਖੇਡ ਨਾਲ਼ ਕਈ ਦੰਦ-ਕਥਾਵਾਂ ਜੁੜੀਆਂ ਹਨ।
8. **ਸਿਜਦਾ ਕਰਨਾ (ਸਿਰ ਝੁਕਾਉਣਾ)–** ਅਸੀਂ ਸ਼ੇਖ਼ ਫ਼ਰੀਦ ਜੀ ਦੀ ਦਰਗਾਹ ਉੱਤੇ ਸਿਜਦਾ ਕਰਨ ਗਏ।
9. **ਵਿਲੱਖਣ (ਵਿਸ਼ੇਸ਼)–** ਧਿਆਨ ਚੰਦ ਵਿਲੱਖਣ ਤਰੀਕੇ ਦੀ ਹਾਕੀ ਖੇਡਦਾ ਸੀ।
10. **ਤੇਜ਼-ਤਰਾਰ (ਬਹੁਤ ਤੇਜ਼)–** ਧਨਰਾਜ ਪਿੱਲੇ ਤੇਜ਼-ਤਰਾਰ ਹਾਕੀ ਖੇਡਦਾ ਸੀ।
11. **ਘਾਤਕ (ਮਾਰੂ)–** ਸਰਕਾਰ ਕਿਸਾਨਾਂ ਲਈ ਘਾਤਕ ਖੇਤੀ ਬਿੱਲ ਲੈ ਕੇ ਆਈ ਹੈ।
12. **ਦਾਦ ਦੇਣਾ (ਪ੍ਰਸੰਸਾ ਕਰਨੀ)–** ਹਿਟਲਰ ਨੇ ਵੀ ਧਿਆਨ ਚੰਦ ਦੀ ਖੇਡ ਦੀ ਦਾਦ ਦਿੱਤੀ।
13. **ਸਮਰਪਿਤ ਕਰਨਾ (ਭੇਟ ਕਰਨਾ)–** ਚੰਗੇ ਖਿਡਾਰੀ ਖੇਡ ਪ੍ਰਤੀ ਆਪਣੇ-ਆਪ ਨੂੰ ਸਮਰਪਿਤ ਕਰ ਦਿੰਦੇ ਹਨ।

## 4. ਖਿਡਾਰੀ ਦਾ ਸੰਬੰਧ ਉਸ ਦੀ ਖੇਡ ਨਾਲ਼ ਜੋੜੋ :

| ਖਿਡਾਰੀ | ਖੇਡ |
|---|---|
| ਬਾਈ ਚੁੰਗ ਭੁਟੀਆ | ਨਿਸ਼ਾਨੇਬਾਜ਼ੀ |
| ਕਪਿਲ ਦੇਵ | ਫ਼ੁੱਟਬਾਲ |
| ਸਾਨੀਆ ਮਿਰਜ਼ਾ | ਕ੍ਰਿਕੇਟ |
| ਸਾਇਨਾ ਨੇਹਵਾਲ | ਸ਼ਤਰੰਜ |
| ਵਿਜੇਂਦਰ ਸਿੰਘ | ਬੈਡਮਿੰਟਨ |
| ਅਭਿਨਵ ਬਿੰਦਰਾ | ਮੁੱਕੇਬਾਜ਼ੀ |
| ਵਿਸ਼ਨਾਥਨ ਆਨੰਦ | ਟੈਨਿਸ |

## ਵਿਆਕਰਨ

**ਯੋਜਕ :** ਜਿਹੜਾ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਜਸਵਿੰਦਰ **ਤੇ** ਦੀਪਕ ਦੋਸਤ ਹਨ।

**ਯੋਜਕ ਦੋ ਪ੍ਰਕਾਰ ਦੇ ਹਨ।**

1. **ਸਮਾਨ ਯੋਜਕ :** ਜਿਹੜਾ ਸ਼ਬਦ ਦੋ ਸਮਾਨ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਸਮਾਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਸੁਨੀਲ **ਤੇ** ਗੁਰਪ੍ਰੀਤ ਘੁੰਮਣ ਗਏ।
2. **ਅਧੀਨ ਯੋਜਕ :** ਜਿਹੜਾ ਸ਼ਬਦ ਪ੍ਰਧਾਨ ਉਪਵਾਕ ਨੂੰ ਅਧੀਨ ਉਪਵਾਕ ਜਾਂ ਉਪਵਾਕਾਂ ਨਾਲ਼ ਜੋੜੇ, ਉਸ ਨੂੰ ਅਧੀਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਭਾਂਵੇ ਉਹ ਗ਼ਰੀਬ ਹੈ **ਫਿਰ ਵੀ** ਇਮਾਨਦਾਰ ਹੈ।


**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**

**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**